# BC HANDS & VOICES

# ਕਿੰਡਰ ਗਾਰਟਨ ਵਿੱਚ ਵੱਧਣਾ ਫੁੱਲਣਾ

## ਜੈਨੇਫਿਰ ਟਾਵਰਜ਼

# Blossoming in Kindergarten

ਤਿੰਨ ਮਹੀਨੇ ਪਹਿਲਾਂ ਸਾਡੀ 18 ਮਹੀਨਿਆਂ ਦੀ ਧੀ ਕੇਟਲਿਨ ਮਸਾਂ 10 ਸ਼ਬਦ ਬੋਲਦੀ ਸੀ। ਸਾਨੂੰ ਉਸ ਦੇ ਵਿਕਾਸ ਬਾਰੇ ਚਿੰਤਾ ਸੀ, ਇਸ ਲਈ ਅਸੀਂ ਉਸ ਨੂੰ ਸੁਣਨਸ਼ਕਤੀ ਦੇ ਟੈੱਸਟ ਲਈ ਲੈ ਕੇ ਗਏ (ਜਦੋਂ ਉਸ ਦਾ ਜਨਮ ਹੋਇਆ ਸੀ, ਉਸ ਸਮੇਂ ਕੋਈ ਜਾਂਚ ਉਪਲਭਧ ਨਹੀਂ ਸੀ)। ਇਹ ਪਤਾ ਲੱਗਾ ਕਿ ਉਸ ਵਿੱਚ ਹਲਕੇ ਤੋਂ ਦਰਮਿਆਨੇ ਪੱਧਰ ਦੀ ਪੱਕੀ ਸੈਂਸਰੀਨਿਊਰਲ ਸੁਣਨ ਸ਼ਕਤੀ ਦੀ ਘਾਟ (ਪਰਮਾਨੈਂਟ ਮਾਈਲਡ ਟੂ ਮਾਡਰੇਟ ਸੈਂਸਰੀਨਿਊਰਲ ਹੀਅਰਿੰਗ ਲੌਸ) ਸੀ। ਦੋ ਹਫਤਿਆਂ ਦੇ ਵਿੱਚ ਵਿੱਚ ਉਸ ਦੇ ਹੀਅਰਿੰਗ ਏਡਾਂ ਲਾ ਦਿੱਤੀਆਂ ਗਈਆਂ ਅਤੇ ਮਹੀਨੇ ਬਾਅਦ ਇੰਟਰਵੈਨਸ਼ਨ (ਸੁਧਾਰ ਲਈ ਦਖਲਅੰਦਾਜ਼ੀ) ਸ਼ੁਰੂ ਕੀਤੀ ਗਈ। ਉਦਾਸੀ ਵਿੱਚ ਮੇਰਾ ਇਕ ਫਿਕਰ ਸੀ ਕਿ ਕੀ ਉਹ ਉਹਨਾਂ ਛੋਟੇ ਬੱਚਿਆਂ ਨਾਲ ਸਾਡੇ ਗੁਆਂਢ ਦੇ ਸਕੂਲ ਵਿੱਚ ਕਿੰਡਰਗਾਰਟਨ ਵਿੱਚ ਦਾਖਲ ਹੋ ਸਕੇਗੀ, ਜਿਨ੍ਹਾਂ ਬੱਚਿਆਂ ਨੂੰ ਉਹ ਪਹਿਲਾਂ ਤੋਂ ਜਾਣਦੀ ਹੈ। ਪਰ ਤਿੰਨ ਸਾਲਾਂ ਬਾਅਦ ਹੀਅਰਿੰਗ ਏਡ ਦੀ ਲਗਾਤਾਰ ਵਰਤੋਂ ਅਤੇ ਹਫਤਾਵਾਰੀ ਇੰਟਰਵੈਨਸ਼ਨ ਤੋਂ ਬਾਅਦ ਉਹ ਆਪਣੇ ਦੋਸਤਾਂ ਨਾਲ ਸਥਾਨਕ ਸਕੂਲ ਵਿੱਚ ਜਾਣ ਲਈ ਤਿਆਰ ਸੀ।



ਜੋਇ ਅਮੋਰ
Jennifer Towers

*“Blossoming in Kindergarten” was first published in Issue #7 (April 2011) of the BC Hands & Voices Newsletter.*

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੋਰਗਨ ਅਤੇ ਪੈਟਰੀਸ਼ੀਆ ਟਰੋਟੀਅਰ ਫਾਊਂਡੇਸ਼ਨ ਵਲੋਂ ਮਿਲੀ ਸਹਾਇਤਾ ਨਾਲ ਸੰਭਵ ਹੋਇਆ।

# BC HANDS & VOICES

## ਕਿੰਡਰ ਗਾਰਟਨ ਵਿੱਚ ਵੱਧਣਾ ਫੁੱਲਣਾ

## ਜੈਨੇਫਿਰ ਟਾਵਰਜ਼

**(2)**

ਕੇਟਲਿਨ ਵਲੋਂ ਪੰਜ ਸਾਲਾਂ ਦੀ ਹੋਣ ਤੋਂ ਪਹਿਲਾਂ ਦੀ ਬਸੰਤ ਵਿੱਚ ਉਸ ਦੀ ਪ੍ਰੀ-ਸਕੂਲ ਦੀ ਟੀਚਰ ਅਤੇ ਉਸ ਦੀ ਸਪੀਚ ਐਂਡ ਲੈਂਗੁਏਜ ਪੈਥੌਲੋਜਿਸਟ, ਦੋਵਾਂ ਦਾ ਵਿਚਾਰ ਸੀ ਕਿ ਉਹ ਉਸ ਸਤੰਬਰ ਵਿੱਚ ਕਿੰਡਰਗਾਰਟਨ ਵਿੱਚ ਜਾਣ ਲਈ ਤਿਆਰ ਹੈ, ਪਰ ਮੈਂ ਘਬਰਾਈ ਹੋਈ ਸੀ ਕਿ ਇਹ ਸਭ ਕੁਝ ਕਿਸ ਤਰ੍ਹਾਂ ਹੋਵੇਗਾ। ਉਸ ਦਾ ਜਨਮ ਨਵੰਬਰ ਦੇ ਅਖੀਰ ਵਿੱਚ ਹੋਇਆ ਸੀ, ਉਹ ਅਜੇ ਗਰੁੱਪ ਦੀਆਂ ਹਾਲਤਾਂ ਵਿੱਚ ਝਿਜਕ ਮਹਿਸੂਸ ਕਰਦੀ ਸੀ/ਚੁੱਪ ਰਹਿੰਦੀ ਸੀ, ਅਤੇ ਉਹ ਘੰਟਿਆਂ ਬੱਧੀ ਪ੍ਰੈਕਟਿਸ ਤੋਂ ਬਾਅਦ ਸਿਰਫ ਵੱਡੇ ਅੱਖਰ ਸਿੱਖਣ ਵਿੱਚ ਕਾਮਯਾਬ ਹੋਈ ਸੀ। ਹੋਰ ਚਿੰਤਾ ਵਧਾਉਣ ਵਾਲੀ ਗੱਲ ਇਹ ਸੀ ਕਿ ਅਸੀਂ ਕੇਟਲਿਨ ਨੂੰ ਸਾਲਾਂ ਦੌਰਾਨ ਰੰਗਾਂ ਦੇ ਨਾਂ ਸਿੱਖਣ ਅਤੇ ਆਪਣੇ ਵੱਡੇ ਪਰਿਵਾਰ (ਐਕਸਟੈਂਡਿਡ ਫੈਮਲੀ) ਦੇ ਨਾਂ ਸਿੱਖਣ ਵਰਗੇ ਸੰਕਲਪਾਂ ਨੂੰ ਸਿੱਖਣ ਲਈ ਜੂਝਦੇ ਦੇਖਿਆ ਸੀ। ਮੈਨੂੰ ਇਸ ਗੱਲ ਦੀ ਬਹੁਤ ਚਿੰਤਾ ਸੀ ਕਿ ਉਸ ਨੂੰ ਕਿੰਡਰਗਾਰਟਨ ਵਿੱਚਲੇ ਨਵੇਂ ਸੰਕਲਪਾਂ ਨੂੰ ਸਿੱਖਣ ਲਈ ਜ਼ਿਆਦਾ ਸਮਾਂ ਲੱਗੇਗਾ।

ਸਾਡੇ ਮਨਾਂ ਦਾ ਫਿਕਰ ਇਸ ਗੱਲ ਨਾਲ ਘਟਿਆ ਸੀ ਕਿ ਉਸ ਨੂੰ ਬਹੁਤ ਸਾਰੀ ਮਦਦ ਮਿਲੇਗੀ। ਬਸੰਤ ਸਮੇਂ ਕੇਟਲਿਨ ਦੀ ਪ੍ਰੀ-ਸਕੂਲ ਟੀਚਰ (ਜਿਸ ਦੇ ਆਪਣੇ ਟੀਨਏਜਰ ਬੱਚੇ ਨੂੰ ਉੱਚਾ ਸੁਣਦਾ ਸੀ) ਨੇ ਸਾਨੂੰ ਸਾਡੇ ਸਕੂਲ ਜਿਲ੍ਹੇ ਦੇ ਇਕ ਹੀਅਰਿੰਗ ਰੀਸੋਰਸ ਟੀਚਰ ਕੋਲ ਭੇਜਿਆ। ਅਸੀਂ ਉਸ ਨਾਲ ਮਈ ਵਿੱਚ ਮਿਲੇ ਅਤੇ ਉਹਨਾਂ ਮਾਹਰਾਂ ਨਾਲ ਆਈ ਈ ਪੀ (ਇੰਡਿਵਿਜੁਅਲ ਐਜੂਕੇਸ਼ਨ ਪਲੈਨ – ਨਿੱਜੀ ਸਿੱਖਿਆ ਯੋਜਨਾ) ਬਣਾਉਣੀ ਸ਼ੁਰੂ ਕੀਤੀ ਜਿਹਨਾਂ ਮਾਹਰਾਂ ਨੇ ਕੇਟਲਿਨ ਨਾਲ ਕੰਮ ਕਰਨਾ ਸੀ। ਹੀਅਰਿੰਗ ਰੀਸੋਰਸ ਟੀਚਰ ਨੇ ਸਾਰੇ ਕਾਗਜ਼ ਪੱਤਰਾਂ ਵਿੱਚ ਕੇਟਲਿਨ ਨੂੰ ਉਸ ਸ਼੍ਰੇਣੀ ਵਿੱਚ ਰੱਖਿਆ ਸੀ ਜਿਸ ਨਾਲ ਉਸ ਨੂੰ ਜਿੰਨੀ ਸੰਭਵ ਹੋ ਸਕਦੀ ਹੋਵੇ ਉਨੀ ਮਦਦ ਮਿਲੇ। ਇਸ ਸ਼੍ਰੇਣੀ ਕਾਰਨ ਕੇਟਲਿਨ ਨੂੰ ਆਪਣੀ ਕਿੰਡਰਗਾਰਟਨ ਕਲਾਸ ਦੇ ਇਕ ਹੋਰ ਮੁੰਡੇ ਨਾਲ ਸਾਂਝੇ ਤੌਰ 'ਤੇ ਇਕ ਫੁੱਲ ਟਾਇਮ ਸਪੈਸ਼ਲ ਐਜੂਕੇਸ਼ਨ ਅਸਿਸਟੈਂਟ (ਐੱਸ ਈ ਏ) ਦੀ ਮਦਦ ਲੈਣ ਦਾ ਮੌਕਾ ਮਿਲਿਆ। ਸਤੰਬਰ ਵਿੱਚ ਮੈਂ ਸਪੈਸ਼ਲ ਐਜੂਕੇਸ਼ਨ ਟੀਚਰ, ਕਲਾਸਰੂਮ ਟੀਚਰ ਅਤੇ ਹੀਅਰਿੰਗ ਰੀਸੋਰਸ ਟੀਚਰ ਨਾਲ ਆਈ ਈ ਪੀ ਮੀਟਿੰਗ ਵਿੱਚ ਸ਼ਾਮਲ ਹੋਈ। ਅਸੀਂ ਕੇਟਲਿਨ ਲਈ ਟੀਚੇ ਮਿੱਥਣ ਬਾਰੇ ਇਕ ਘੰਟਾ ਗੱਲ ਕੀਤੀ ਅਤੇ ਉਸ ਦੇ ਬੋਲਣ ਅਤੇ ਸੁਣਨ (ਸਪੀਚ ਅਤੇ ਲਿਸਨਿੰਗ) ਅਤੇ ਉਸ ਵਲੋਂ ਆਪਣੇ ਐੱਫ ਐੱਮ ਸਪੀਕਰ ਸਿਸਟਮ ਨਾਲ ਆਜ਼ਾਦ ਰੂਪ ਵਿੱਚ ਕੰਮ ਕਰਨ ਨਾਲ ਸੰਬੰਧਤ ਤਿੰਨ ਟੀਚੇ ਮਿੱਥੇ।

ਸਾਨੂੰ ਦੱਸਿਆ ਗਿਆ ਕਿ ਉਹ ਆਪਣੇ ਸਕੂਲ ਵਿੱਚ ਸੁਣਨ ਸ਼ਕਤੀ ਦੀ ਘਾਟ ਵਾਲੀ ਇਕੱਲੀ ਵਿਦਿਆਰਥਣ ਹੋਵੇਗੀ; ਇਹ ਗੱਲ ਚਿੰਤਾ ਵਾਲੀ ਸੀ। ਪਰ ਉਹ ਚੰਗੀ ਤਰ੍ਹਾਂ ਬੋਲ ਲੈਂਦੀ ਸੀ ਅਤੇ ਛੋਟੇ ਗਰੁੱਪਾਂ ਵਿੱਚ ਕਾਫੀ ਮਿਲਣਸਾਰ ਸੀ, ਇਸ ਲਈ ਅਸੀਂ ਸਭ ਕੁਝ ਚੰਗਾ ਹੋਣ ਦੀ ਆਸ ਰੱਖੀ ਅਤੇ ਉਸ ਪੱਤਝੜ ਵਿੱਚ ਉਸ ਨੇ ਕਿੰਡਰਗਾਰਟਨ ਸ਼ੁਰੂ ਕਰ ਲਈ।

ਖੁਸ਼ੀ ਵਾਲੀ ਗੱਲ ਇਹ ਸੀ ਕਿ ਕੇਟਲਿਨ ਦਾ ਕਲਾਸਰੂਮ ਛੋਟਾ ਸੀ ਅਤੇ ਉਸ ਵਿੱਚ ਕਾਰਪੈੱਟ ਵਿਛੀ ਹੋਈ ਸੀ ਜਿਸ ਨਾਲ ਸੁਣਨ ਲਈ ਵਧੀਆ ਮਾਹੌਲ ਪੈਦਾ ਹੁੰਦਾ ਸੀ। ਇਸ ਦੇ ਨਾਲ ਹੀ ਕਮਰਾ ਰੌਸ਼ਨੀ ਭਰਪੂਰ ਅਤੇ ਰੰਗਦਾਰ ਹ ਅਤੇ ਕਿਤਾਬਾਂ ਅਤੇ ਖਿਡਾਉਣਿਆਂ ਨਾਲ ਭਰਿਆ ਹੋਇਆ ਹੈ। ਸਮੁੱਚੇ ਰੂਪ ਵਿੱਚ ਕਲਾਸਰੂਮ ਉਤਸ਼ਾਹ ਦੇਣ ਵਾਲਾ ਹੈ ਅਤੇ ਨਾਲ ਕਈ ਗੱਲਾਂ ਨੇਮ ਨਾਲ ਕੀਤੀਆਂ ਜਾਂਦੀਆਂ ਹਨ। ਹੀਅਰਿੰਗ ਰੀਸੋਰਸ ਟੀਚਰ ਆਈ ਈ ਪੀ ਵਿੱਚ ਮਿੱਥੇ ਟੀਚਿਆਂ ਬਾਰੇ ਇਕੱਲੀ ਕੇਟਲਿਨ ਨਾਲ ਹਰ ਹਫਤੇ ਇਕ ਘੰਟਾ ਕੰਮ ਕਰਦੀ ਹੈ। ਇਸ ਦੇ ਨਾਲ ਹੀ ਕਲਾਸ ਟੀਚਰ ਕੇਟਲਿਨ ਦੀ ਅਵਾਜ਼ ਨੂੰ ਸਾਰੇ ਵਿਦਿਆਰਥੀਆਂ ਲਈ ਉੱਚਾ ਕਰਨ ਲਈ ਸਾਊਂਡ ਫੀਲਡ ਸਿਸਟਮ ਦੀ ਵਰਤੋਂ ਕਰਦੀ ਹੈ (ਇਸ ਤਰ੍ਹਾਂ ਉਹ ਮਾਈਕਰੋਫੋਨ ਪਾਉਣ ਦੀ ਪੂਰੀ ਤਰ੍ਹਾਂ ਆਦੀ ਹੈ)। ਇਸ ਦੇ ਨਾਲ ਕੇਟਲਿਨ ਦਾ ਐੱਫ ਐੱਮ ਸਿਸਟਮ ਕਾਫੀ ਵਧੀਆ ਢੰਗ ਨਾਲ ਜੁੜ ਜਾਂਦਾ ਹੈ। ਹੀਅਰਿੰਗ ਰੀਸੋਰਸ ਟੀਚਰ ਨੇ ਹੀਅਰਿੰਗ ਏਡ ਵਾਲੀ ਸਾਡੀ ਕੰਪਨੀ ਨਾਲ ਗੱਲ ਕਰ ਕੇ ਡਾਇਨੈਮਕ ਸਾਊਂਡ ਫੀਲਡ ਸਿਸਟਮ ਦਾ ਪ੍ਰਬੰਧ ਕੀਤਾ ਹੈ

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟੀਅਰ ਫਾਉਂਡੇਸ਼ਨ ਵਲੋਂ ਮਿਲੀ ਸਹਾਇਤਾ ਨਾਲ ਸੰਭਵ ਹੋਇਆ।

## ਕਿੰਡਰ ਗਾਰਟਨ ਵਿੱਚ ਵੱਧਣਾ ਫੁੱਲਣਾ

## ਜੈਨੇਫਿਰ ਟਾਵਰਜ਼

**(3)**

ਜਿਹੜਾ ਕੇਟਲਿਨ ਦੇ ਐੱਫ ਐੱਮ ਸਿਸਟਮ ਨਾਲ ਹੋਰ ਜ਼ਿਆਦਾ ਚੰਗੀ ਤਰ੍ਹਾਂ ਮੇਲ ਖਾਂਦਾ ਹੈ – ਇਸ ਲਈ ਕੇਟਲਿਨ ਨੂੰ ਅਵਾਜ਼ ਦੀ ਚੰਗੀ ਕੁਆਲਟੀ ਮਿਲ ਰਹੀ ਹੈ।

ਇਹਨਾਂ ਸਾਰੀਆਂ ਸਹੂਲਤਾਂ ਅਤੇ ਮਦਦਾਂ ਕਾਰਨ ਕੇਟਲਿਨ ਮੇਰੀ ਉਮੀਦ ਤੋਂ ਜ਼ਿਆਦਾ ਚੰਗੀ ਰਹੀ ਹੈ। ਉਹ ਅੱਖਰ ਸਿੱਖਣੇ ਪਸੰਦ ਕਰਦੀ ਹੈ ਅਤੇ ਉਸ ਨੇ ਬਹੁਤ ਛੇਤੀ ਛੋਟੇ ਅੱਖਰ ਸਿੱਖ ਲਏ ਹਨ। ਉਹ ਬਹੁਤ ਅਜ਼ਾਦ ਹੈ ਅਤੇ ਸਵੇਰ ਨੂੰ ਸਕੂਲ ਜਾਣ ਤੋਂ ਪਹਿਲਾਂ ਨਵੀਨ ਅਤੇ ਫੈਸ਼ਨ ਵਾਲੇ ਕੱਪੜੇ ਚੁਣਨੇ ਅਤੇ ਸਕੂਲ ਪਹੁੰਚ ਕੇ ਐੱਫ ਐੱਮ ਸਿਸਟਮ ਨੂੰ ਪਾਉਣਾ ਅਤੇ ਜੋੜਨਾ ਪਸੰਦ ਕਰਦੀ ਹੈ। ਉਹ "ਸਪੈਸ਼ਲ ਹੈਲਪਰ ਡੇਅ" ਦੀ ਉਡੀਕ ਕਰਦੀ ਹੈ ਜਦੋਂ ਉਸ ਨੂੰ ਘਰੋਂ ਇਕ ਡੱਬੇ ਵਿੱਚ ਕੋਈ ਚੀਜ਼ਾਂ ਲੈ ਕੇ ਜਾਣਾ ਹੁੰਦਾ ਹੈ ਅਤੇ ਬਾਹਰ ਹਰ ਇਕ ਚੀਜ਼ ਦਾ ਪਹਿਲਾ ਅੱਖਰ ਲਿਖਣਾ ਹੁੰਦਾ ਹੈ। ਸਤੰਬਰ ਵਿੱਚ ਮੈਨੂੰ ਉਸ ਦੀ ਮਦਦ ਕਰਨੀ ਪਈ ਸੀ; ਨਵੰਬਰ ਵਿੱਚ ਉਸ ਨੇ ਆਪਣੇ ਆਪ ਤਿੰਨ ਚੀਜ਼ਾਂ (ਦੋ ਡੱਡੂ ਅਤੇ ਇਕ ਪੰਛੀ) ਚੁਣੀਆਂ ਸਨ। ਮੈਂ ਡੱਬੇ ਦੇ ਅੱਗਲੇ ਹਿੱਸੇ ਨੂੰ ਦੇਖਿਆ, ਉਸ ਨੇ ਆਪਣੇ ਆਪ "ਐੱਫ ਐੱਫ ਬੀ" ਲਿਖਿਆ ਹੋਇਆ ਸੀ, ਬੱਲੇ ਬੱਲੇ ਕਿੰਨੀ ਜ਼ਿਆਦਾ ਤਰੱਕੀ! ਸਾਲ ਦੇ ਸ਼ੁਰੂ ਵਿੱਚ ਕੇਟਲਿਨ ਬਹੁਤ ਚੁੱਪ ਰਹਿੰਦੀ ਸੀ ਅਤੇ ਕਿਸੇ ਨਾਲ ਗੱਲ ਨਹੀਂ ਕਰਦੀ ਸੀ, ਪਰ ਹੁਣ ਮੈਨੂੰ ਟੀਚਰ ਦਸਦੀ ਹੈ ਕਿ ਉਹ ਸਰਕਲ ਟਾਇਮ ਦੌਰਾਨ ਸਵਾਲਾਂ ਦੇ ਜੁਆਬ ਦਿੰਦੀ ਹੈ। ਕੇਟਲਿਨ ਦੂਜਿਆਂ ਨਾਲ ਖੇਡਣ ਲਈ ਟਾਇਮ ਮਿੱਥਣਾ ਪਸੰਦ ਕਰਦੀ ਹੈ ਅਤੇ ਉਹਨਾਂ ਨਾਲ ਚੰਗੀ ਤਰ੍ਹਾਂ ਖੇਡਦੀ ਹੈ।

ਦਸੰਬਰ ਵਿੱਚ ਕ੍ਰਿਸਮਿਸ ਦੀ ਸੰਗੀਤ ਮੰਡਲੀ ਦਾ ਸਮਾਂ ਸਭ ਤੋਂ ਵਧੀਆ ਸੀ। ਕਿੰਡਰਗਾਰਟਨ ਤੋਂ ਚੌਥੀ ਜਮਾਤ ਤੱਕ ਹਰ ਇਕ ਕਲਾਸ ਨੇ ਦੋ ਗੀਤ ਗਾਏ ਸਨ। ਪਿਛਲੇ ਸਾਲ ਜਦੋਂ ਮੈਂ ਆਪਣੇ ਵੱਡੇ ਪੁੱਤਰ ਨੂੰ ਉਸ ਮੰਡਲੀ ਵਿੱਚ ਦੇਖਿਆ ਸੀ ਤਾਂ ਮੈਂ ਉਸ ਥਾਂ 'ਤੇ ਕੇਟਲਿਨ ਦੇ ਖੜ੍ਹੀ ਹੋਣ ਬਾਰੇ ਕਲਪਨਾ ਵੀ ਨਹੀਂ ਕਰ ਸਕਦੀ ਸੀ। ਜੇ ਉਸ ਨੂੰ ਖਿੱਚ ਕੇ ਉੱਥੇ ਲੈ ਵੀ ਜਾਇਆ ਜਾਂਦਾ, ਤਾਂ ਮੈਂ ਉਸ ਬਾਰੇ ਉੱਥੇ ਨੀਵੀਂ ਪਾਈ ਚੁੱਪਚਾਪ ਖੜ੍ਹੀ ਹੋਣ ਦੀ ਕਲਪਨਾ ਕਰਦੀ। ਇਸ ਦੇ ਉਲਟ, ਕੇਟਲਿਨ ਪੂਰੇ ਵਿਸ਼ਵਾਸ ਨਾਲ ਰਾਈਜਰਜ਼ 'ਤੇ ਗਈ, ਅੱਗੇ ਨੂੰ ਮੂੰਹ ਕਰ ਕੇ ਅਤੇ ਸਿਰ ਉੱਚਾ ਕਰ ਕੇ ਖੜ੍ਹੀ ਹੋਈ। ਇਹ ਸਾਡੇ ਲਈ ਬਹੁਤ ਖੁਸ਼ੀ ਵਾਲੀ ਗੱਲ ਸੀ। ਉਸ ਨੇ ਖੁਸ਼ੀ ਭਰਪੂਰ ਚਿਹਰੇ ਨਾਲ ਗੀਤ ਗਾਏ। ਉਸ ਨੇ ਸਿਰਫ ਗਾਇਆ ਹੀ ਨਹੀਂ – ਉਸ ਨੇ ਬਹੁਤ ਉੱਚੀ ਗਾਇਆ ਅਤੇ ਮੈਂ ਆਪਣੀ ਕੁਰਸੀ 'ਤੇ ਭਰਪੂਰ ਮੁਸਕਰਾਹਟ ਨਾਲ ਖੁਸ਼ ਬੈਠੀ ਹੋਈ ਸੀ।

ਸਾਡੀ ਛੋਟੀ ਬੱਚੀ ਇਕ ਪੂਰੀ ਤਰ੍ਹਾਂ ਸੰਚਾਰ ਕਰਨ ਵਾਲੀ, ਖੁਸ਼ ਵਿਦਿਆਰਥਣ ਬਣ ਗਈ ਹੈ ਜਿਹੜੀ ਸਕੂਲ ਵਿੱਚ ਕਾਮਯਾਬ ਹੋ ਰਹੀ ਹੈ। ਅਜੇ ਅਸੀਂ ਬਹੁਤ ਦੂਰ ਜਾਣਾ ਹੈ (ਬੇਸ਼ੱਕ ਉਸ ਨੂੰ ਪੜ੍ਹਨਾ ਸਿੱਖਣ ਅਤੇ ਹਿਸਾਬ ਸਮਝਣ ਅਤੇ ਹੋਰ ਕਈ ਕੁਝ ਸਿੱਖਣ ਦੀ ਲੋੜ ਹੈ) ਪਰ ਇਹ ਪੱਕਾ ਹੈ ਕਿ ਮੈਂ ਜ਼ਿਆਦਾ ਵਿਸ਼ਵਾਸ ਮਹਿਸੂਸ ਕਰਦੀ ਹਾਂ। ਇਹ ਯਕੀਨੀ ਬਣਾਉਣ ਲਈ ਮਿਲੀ ਮਦਦ ਦਾ ਹੈਰਾਨੀਜਨਕ ਅਸਰ ਹੋਇਆ ਹੈ ਕਿ ਕਾਮਯਾਬ ਹੋਣ ਲਈ ਚਾਹੀਦੀਆਂ ਛੋਟੀਆਂ ਛੋਟੀਆਂ ਚੀਜ਼ਾਂ ਉਸ ਨੂੰ ਪ੍ਰਾਪਤ ਹੋਣ, ਅਤੇ ਕੇਟਲਿਨ ਬਹੁਤ ਚੰਗੀ ਤਰ੍ਹਾਂ ਪ੍ਰਫੁੱਲਤ ਹੋਈ ਹੈ।

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟੀਅਰ ਫਾਉਂਡੇਸ਼ਨ ਵਲੋਂ ਮਿਲੀ ਸਹਾਇਤਾ ਨਾਲ ਸੰਭਵ ਹੋਇਆ।